DEPARTMENT OF HEALTH CARE SERVICES

ਗਲੋਬਲ ਭਾਸ਼ਾ ਅਤੇ ਮੈਸੇਜਿੰਗ ਸਨਿੱਪਟ

[*ਫਲਾਇਰ/ਸਨਿੱਪਟ ਸ਼ਾਮਲ ਕਰੋ*]

ਪਿਆਰੇ ਮੈਡੀ-ਕੈਲ ਮੈਂਬਰ,

ਕੋਵਿਡ -19 ਪਬਲਿਕ ਹੈਲਥ ਐਮਰਜੈਂਸੀ (ਪੀ.ਐਚ.ਈ.) ਦੇ ਦੌਰਾਨ, ਤੁਸੀਂ ਆਪਣੇ ਹਾਲਾਤਾਂ ਵਿੱਚ ਕਿਸੇ ਵੀ ਤਬਦੀਲੀ ਕੀਤੇ ਬਿਨਾਂ ਆਪਣੀ ਕਵਰੇਜ ਰੱਖਣ ਦੇ ਯੋਗ ਹੋ ਗਏ ਹੋ। ਹਾਲਾਂਕਿ, ਇੱਕ ਵਾਰ ਜਦੋਂ ਕੋਵਿਡ -19 ਪੀ.ਐਚ.ਈ. ਸਮਾਪਤ ਹੋ ਜਾਂਦੀ ਹੈ, ਤਾਂ ਤੁਹਾਡੀ ਕਾਉਂਟੀ ਇਹ ਦੇਖਣ ਲਈ ਜਾਂਚ ਕਰੇਗੀ ਕਿ ਕੀ ਤੁਸੀਂ ਅਜੇ ਵੀ ਮੁਫ਼ਤ ਜਾਂ ਘੱਟ ਲਾਗਤ ਵਾਲੇ ਮੈਡੀ-ਕੈਲ ਦੇ ਯੋਗ ਹੋ ਜਾਂ ਨਹੀਂ। ਜੇ ਤੁਸੀਂ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਵਿਅਕਤੀ ਨੂੰ ਕਾਉਂਟੀ ਤੋਂ ਇੱਕ ਪੱਤਰ ਪ੍ਰਾਪਤ ਹੁੰਦਾ ਹੈ ਜੋ ਤੁਹਾਡੇ ਮੈਡੀ-ਕੈਲ ਕਵਰੇਜ ਬਾਰੇ ਜਾਣਕਾਰੀ ਮੰਗਦਾ ਹੈ, ਤਾਂ ਕਿਰਪਾ ਕਰਕੇ ਬੇਨਤੀ ਕੀਤੀ ਜਾਣਕਾਰੀ ਮੁਹੱਈਆ ਕਰੋ।

ਹਾਲਾਤਾਂ ਵਿੱਚ ਤਬਦੀਲੀ

ਕਿਰਪਾ ਕਰਕੇ ਆਪਣੇ ਘਰ ਵਿੱਚ ਕਿਸੇ ਵੀ ਤਬਦੀਲੀ ਦੀ ਰਿਪੋਰਟ ਆਪਣੇ ਸਥਾਨਕ ਕਾਉਂਟੀ ਦਫ਼ਤਰ ਨੂੰ ਦੇਣੀ ਜਾਰੀ ਰੱਖੋ। ਇਸ ਵਿੱਚ ਤੁਹਾਡੀ ਆਮਦਨੀ, ਅਪਾਹਜਤਾ ਦੀ ਸਥਿਤੀ, ਫ਼ੋਨ ਨੰਬਰ, ਜਾਂ ਮੇਲਿੰਗ ਪਤੇ ਵਿੱਚ ਤਬਦੀਲੀਆਂ ਸ਼ਾਮਲ ਹਨ। ਤੁਹਾਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਕੀ ਤੁਹਾਡੇ ਘਰ ਵਿੱਚ ਕੋਈ ਗਰਭਵਤੀ ਹੋ ਜਾਂਦਾ ਹੈ, ਜੇ ਕੋਈ ਘਰ ਵਿੱਚ ਆ ਜਾਂਦਾ ਜਾਂਦਾ ਹੈ, ਜਾਂ ਕੋਈ ਹੋਰ ਚੀਜ਼ ਜੋ ਤੁਹਾਡੀ ਮੈਡੀ-ਕੈਲ ਯੋਗਤਾ ਨੂੰ ਪ੍ਰਭਾਵਤ ਕਰ ਸਕਦੀ ਹੈ। ਇਨ੍ਹਾਂ ਤਬਦੀਲੀਆਂ ਦੀ ਰਿਪੋਰਟਿੰਗ ਤੁਹਾਨੂੰ ਕੋਵਿਡ-19 ਪੀ.ਐਚ.ਈ. ਦੇ ਅੰਤ ਤੋਂ ਬਾਅਦ ਮੈਡੀ-ਕੈਲ ਕਵਰੇਜ ਪ੍ਰਾਪਤ ਕਰਨਾ ਜਾਰੀ ਰੱਖਣ ਵਿੱਚ ਸਹਾਇਤਾ ਕਰ ਸਕਦੀ ਹੈ।

ਸੰਪਰਕ ਜਾਣਕਾਰੀ ਦੀ ਰਿਪੋਰਟਿੰਗ ਕਰਨਾ

ਕਾਉਂਟੀ ਲਈ ਤੁਹਾਡੀ ਮੌਜੂਦਾ ਸੰਪਰਕ ਜਾਣਕਾਰੀ ਦਾ ਹੋਣਾ ਮਹੱਤਵਪੂਰਨ ਹੈ। ਕਿਰਪਾ ਕਰਕੇ ਆਪਣੀ ਸੰਪਰਕ ਜਾਣਕਾਰੀ ਵਿੱਚ ਕਿਸੇ ਵੀ ਕੀਤੀ ਜਾਂਦੀ ਤਬਦੀਲੀ ਦੀ ਰਿਪੋਰਟ ਕਰੋ ਤਾਂ ਜੋ ਤੁਸੀਂ ਆਪਣੀ ਮੈਡੀ-ਕੈਲ ਕਵਰੇਜ ਬਾਰੇ ਮਹੱਤਵਪੂਰਣ ਜਾਣਕਾਰੀ ਨਾ ਗੁਆਓ। ਕਿਰਪਾ ਕਰਕੇ ਅੱਪਡੇਟ ਕੀਤੀ ਸਾਰੀ ਸੰਪਰਕ ਜਾਣਕਾਰੀ ਦੀ, ਜਿਵੇਂ ਕਿ ਤੁਹਾਡਾ ਫ਼ੋਨ ਨੰਬਰ, ਈਮੇਲ ਪਤਾ ਜਾਂ ਘਰ ਦਾ ਪਤਾ, ਆਪਣੇ ਸਥਾਨਕ ਕਾਉਂਟੀ ਦਫ਼ਤਰ ਨੂੰ ਔਨਲਾਈਨ ਜਾਂ ਫ਼ੋਨ, ਈਮੇਲ, ਫੈਕਸ ਰਾਹੀਂ ਜਾਂ ਵਿਅਕਤੀਗਤ ਰੂਪ ਵਿੱਚ ਰਿਪੋਰਟ ਕਰੋ। ਤੁਸੀਂ ਕਾਉਂਟੀ ਦਫਤਰਾਂ ਦੀ ਇੱਕ ਸੂਚੀ http://dhcs.ca.gov/COL 'ਤੇ ਲੱਭ ਸਕਦੇ ਹੋ। ਤੁਸੀਂ ਆਪਣੀ ਸੰਪਰਕ ਜਾਣਕਾਰੀ ਨੂੰ ਇਨ੍ਹਾਂ 'ਤੇ ਆਨਲਾਈਨ ਵੀ ਅੱਪਡੇਟ ਕਰ ਸਕਦੇ ਹੋ CoveredCA.com ਜਾਂ BenefitsCal.org।

ਜਾਣਕਾਰੀ ਲਈ ਬੇਨਤੀਆਂ

ਜੇ ਤੁਸੀਂ ਜਾਂ ਤੁਹਾਡੇ ਪਰਿਵਾਰ ਵਿੱਚ ਕਿਸੇ ਨੂੰ ਕਾਉਂਟੀ ਤੋਂ ਇੱਕ ਪੱਤਰ ਪ੍ਰਾਪਤ ਹੁੰਦਾ ਹੈ ਜਿਸ ਵਿੱਚ ਤੁਹਾਡੇ ਮੈਡੀ-ਕੈਲ ਕਵਰੇਜ ਬਾਰੇ ਜਾਣਕਾਰੀ ਮੰਗੀ ਜਾਂਦੀ ਹੈ, ਤਾਂ ਕਿਰਪਾ ਕਰਕੇ ਇਹ ਮੁਹੱਈਆ ਕਰੋ। ਇਹ ਕਾਉਂਟੀ ਨੂੰ ਇਹ ਸੁਨਿਸ਼ਚਿਤ ਕਰਨ ਵਿੱਚ ਸਹਾਇਤਾ ਕਰੇਗਾ ਕਿ ਤੁਹਾਡੀ ਮੈਡੀ-ਕੈਲ ਕਵਰੇਜ ਕਿਰਿਆਸ਼ੀਲ ਰਹਿੰਦੀ ਹੈ।

ਸਵਾਲ?

ਜੇ ਤੁਹਾਡਾ ਕੋਈ ਸਵਾਲ ਹੈ, ਜਾਂ ਤੁਹਾਨੂੰ ਆਪਣੀ ਮੈਡੀ-ਕੈਲ ਕਵਰੇਜ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਦੀ ਜ਼ਰੂਰਤ ਹੈ, ਜਾਂ ਜੇ ਤੁਹਾਡੀ ਮੈਡੀ-ਕੈਲ ਬੰਦ ਕੀਤੀ ਗਈ ਹੈ, ਤਾਂ ਕਿਰਪਾ ਕਰਕੇ ਆਪਣੇ ਸਥਾਨਕ ਕਾਉਂਟੀ ਦਫ਼ਤਰ ਨਾਲ ਸੰਪਰਕ ਕਰੋ। ਅਕਸਰ ਪੁੱਛੇ ਜਾਂਦੇ ਸਵਾਲ ਅਤੇ ਜਵਾਬ [FAQ ਪੰਨਾ] 'ਤੇ ਮਿਲ ਸਕਦੇ ਹਨ।

[ਵੈਬਸਾਈਟ ਬੈਨਰ]

ਮਹੱਤਵਪੂਰਨ: ਕੀ ਤੁਸੀਂ ਮੈਡੀ-ਕੈਲ ਵਿੱਚ ਦਰਜ ਹੋ? ਕੀ ਤੁਹਾਡੀ ਸੰਪਰਕ ਜਾਣਕਾਰੀ ਪਿਛਲੇ ਦੋ ਸਾਲਾਂ ਵਿੱਚ ਬਦਲੀ ਗਈ ਹੈ? ਆਪਣੇ ਕਾਉਂਟੀ ਦਫ਼ਤਰ ਨੂੰ ਆਪਣੀ ਅੱਪਡੇਟ ਕੀਤੀ ਸੰਪਰਕ ਜਾਣਕਾਰੀ ਦਿਓ ਤਾਂ ਜੋ ਤੁਸੀਂ ਦਰਜ ਰਹਿ ਸਕੋ। ਆਪਣਾ ਸਥਾਨਕ ਕਾਉਂਟੀ ਦਫ਼ਤਰ ਲੱਭੋ।



[ਕਾਉਂਟੀ ਦਫ਼ਤਰ ਪੰਨੇ ਲਈ ਵੈਬਸਾਈਟ ਲਿਖਤ]

ਕੋਵਿਡ-19 ਪਬਲਿਕ ਹੈਲਥ ਐਮਰਜੈਂਸੀ (ਪੀ.ਐਚ.ਈ.) ਦੇ ਦੌਰਾਨ, ਮੈਡੀ-ਕੈਲ ਲਾਭਪਾਤਰੀ ਪ੍ਰੋਗਰਾਮ ਵਿੱਚ ਦਰਜ ਰਹੇ ਹਨ। ਜੇ ਤੁਹਾਡੀ ਸੰਪਰਕ ਜਾਣਕਾਰੀ ਜਾਂ ਘਰੇਲੂ ਹਾਲਾਤ ਬਦਲ ਗਏ ਹਨ, ਤਾਂ ਕਿਰਪਾ ਕਰਕੇ ਅੱਜ ਆਪਣੇ ਸਥਾਨਕ ਕਾਉਂਟੀ ਦਫ਼ਤਰ ਨਾਲ ਸੰਪਰਕ ਕਰ ਕੇ ਆਪਣੀ ਜਾਣਕਾਰੀ ਨੂੰ ਅੱਪਡੇਟ ਕਰੋ: [ਫੋਨ ਨੰਬਰ, SAWS ਪੋਰਟਲ, ਅਤੇ ਕਾਉਂਟੀ ਲਿੰਕ ਡਾਇਰੈਕਟਰੀ]। ਇਹ ਕੋਵਿਡ-19 ਪੀ.ਐਚ.ਈ. ਦੀ ਸਮਾਪਤੀ ਤੋਂ ਬਾਅਦ ਤੁਹਾਡੀ ਮੈਡੀ-ਕੈਲ ਕਵਰੇਜ ਰੱਖਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

[ਸੋਸ਼ਲ ਮੀਡੀਆ]	
ਤੁਹਾਡੀ ਸੰਪਰਕ ਜਾਣਕਾਰੀ ਸਹੀ ਹੋਣ ਬਾਰੇ ਪੱਕਾ ਕਰਨ ਲਈ ਤੁਹਾਡਾ ਮੈਡੀ-ਕੈਲ ਕਾਉਂਟੀ ਯੋਗਤਾ ਵਰਕਰ ਛੇਤੀ ਹੀ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ। ਜੇ ਨਹੀਂ, ਤਾਂ ਕਿਰਪਾ ਕਰਕੇ ਕਾਉਂਟੀ ਨੂੰ ਆਪਣੀ ਅੱਪਡੇਟ ਕੀਤੀ ਜਾਣਕਾਰੀ ਮੁਹੱਈਆ ਕਰੋ ਤਾਂ ਜੋ ਤੁਸੀਂ ਆਪਣੀ ਮੈਡੀ-ਕੈਲ ਕਵਰੇਜ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰਨਾ ਜਾਰੀ ਰੱਖ ਸਕੋ: http://dhcs.ca.gov/COL। [ਸਥਾਨਕ ਕਾਉਂਟੀ ਸੰਪਰਕ ਜਾਣਕਾਰੀ ਇੱਥੇ ਦਾਖਲ ਕੀਤੀ ਜਾ ਸਕਦੀ ਹੈ]	
ਕੀ ਤੁਸੀਂ ਕਿਤੇ ਹੋਰ ਚਲੇ ਗਏ ਹੋ? ਆਪਣੇ ਮੈਡੀ-ਕੈਲ ਕਾਉਂਟੀ ਯੋਗਤਾ ਕਰਮਚਾਰੀ ਨੂੰ ਦੱਸੋ। ਤੁਹਾਡੇ ਲਈ ਆਪਣੀ ਅੱਪਡੇਟ ਕੀਤੀ ਜਾਣਕਾਰੀ ਮੁਹੱਈਆ ਕਰਨਾ ਮਹੱਤਵਪੂਰਨ ਹੈ ਤਾਂ ਜੋ ਤੁਸੀਂ ਮੈਡੀ-ਕੈਲ ਕਵਰੇਜ ਜਾਣਕਾਰੀ ਪ੍ਰਾਪਤ ਕਰਨਾ ਜਾਰੀ ਰੱਖ ਸਕੋ, ਜਿਵੇਂ ਕਿ ਨਵੀਨੀਕਰਨ ਦੇ ਪੈਕੇਟ, ਲਾਭ ਤਬਦੀਲੀ ਦੇ ਨੋਟਿਸ, ਜਾਂ ਹੋਰ ਮਹੱਤਵਪੂਰਣ ਯਾਦ-ਦਹਾਨੀਆਂ: http://dhcs.ca.gov/COL [ਸਥਾਨਕ ਕਾਉਂਟੀ ਸੰਪਰਕ ਜਾਣਕਾਰੀ ਇੱਥੇ ਦਾਖਲ ਕੀਤੀ ਜਾ ਸਕਦੀ ਹੈ]	

ਕੀ ਤੁਸੀਂ ਨਵੀਂ ਨੌਕਰੀ ਸ਼ੁਰੂ ਕੀਤੀ ਹੈ? ਆਪਣੇ ਮੈਡੀ-ਕੈਲ ਕਾਉਂਟੀ ਯੋਗਤਾ ਕਰਮਚਾਰੀ ਨੂੰ ਦੱਸੋ। ਇਹ ਮਹੱਤਵਪੂਰਨ ਹੈ ਕਿ ਤੁਸੀਂ ਜਿੰਨੀ ਜਲਦੀ ਹੋ ਸਕੇ ਕਾਉਂਟੀ ਨੂੰ ਆਪਣੀ ਨਵੀਂ ਆਮਦਨੀ ਦੀ ਰਿਪੋਰਟ ਦਿਓ। ਤੁਸੀਂ ਅਜੇ ਵੀ ਕੋਵਿਡ-19 ਜਨਤਕ ਸਿਹਤ ਐਮਰਜੈਂਸੀ ਦੇ ਦੌਰਾਨ ਆਪਣੀ ਮੈਡੀ-ਕੈਲ ਕਵਰੇਜ ਇਸ 'ਤੇ ਰੱਖੋਗੇ: http://dhcs.ca.gov/COL।	
ਕੀ ਤੁਸੀਂ ਗਰਭਵਤੀ ਹੋ? ਆਪਣੇ ਮੈਡੀ-ਕੈਲ ਕਾਉਂਟੀ ਯੋਗਤਾ ਕਰਮਚਾਰੀ ਨੂੰ ਦੱਸੋ। ਇਹ ਮਹੱਤਵਪੂਰਨ ਹੈ ਕਿ ਤੁਸੀਂ ਜਿੰਨੀ ਛੇਤੀ ਹੋ ਸਕੇ ਕਿਸੇ ਵੀ ਘਰੇਲੂ ਤਬਦੀਲੀਆਂ ਦੀ ਰਿਪੋਰਟ ਦਿਓ। ਕੋਵਿਡ-19 ਜਨਤਕ ਸਿਹਤ ਐਮਰਜੈਂਸੀ ਦੇ ਦੌਰਾਨ ਤੁਸੀਂ ਅਜੇ ਵੀ ਆਪਣੀ ਮੈਡੀ-ਕੈਲ ਕਵਰੇਜ ਇਸ 'ਤੇ ਰੱਖੋਗੇ: http://dhcs.ca.gov/COL।	

ਤੁਹਾਨੂੰ ਜਿੰਨੀ ਛੇਤੀ ਹੋ ਸਕੇ ਆਪਣੇ ਮੈਡੀ-ਕੈਲ ਕਾਉਂਟੀ ਦਫ਼ਤਰ ਵਿੱਚ ਕਿਸੇ ਵੀ ਘਰੇਲੂ ਤਬਦੀਲੀ ਦੀ ਰਿਪੋਰਟ ਦੇਣੀ ਚਾਹੀਦੀ ਹੈ। ਤੁਸੀਂ ਵਿਅਕਤੀਗਤ, ਔਨਲਾਈਨ, ਜਾਂ ਫ਼ੋਨ, ਈਮੇਲ ਜਾਂ ਫੈਕਸ ਦੁਆਰਾ ਤਬਦੀਲੀਆਂ ਦੀ ਰਿਪੋਰਟ ਕਰ ਸਕਦੇ ਹੋ। ਤੁਸੀਂ ਅਜੇ ਵੀ ਕੋਵਿਡ-19 ਜਨਤਕ ਸਿਹਤ ਐਮਰਜੈਂਸੀ ਦੇ ਦੌਰਾਨ ਆਪਣੀ ਮੈਡੀ-ਕੈਲ ਕਵਰੇਜ ਇਸ 'ਤੇ ਰੱਖੋਗੇ: http://dhcs.ca.gov/COL।	

[*ਕਾਲ ਸਕ੍ਰਿਪਟ ਸਨਿੱਪਟ*]	
ਲਾਭਪਾਤਰੀ ਕਾਲਰ	ਏਜੰਟ
ਕੀ ਮੈਨੂੰ ਆਪਣੀ ਮੈਡੀ-ਕੈਲ ਕਵਰੇਜ ਰੱਖਣ ਲਈ ਕਿਸੇ ਘਰੇਲੂ ਤਬਦੀਲੀਆਂ ਦੀ ਰਿਪੋਰਟ ਕਰਨ ਦੀ ਜ਼ਰੂਰਤ ਹੈ?	**ਕਾਉਂਟੀ/ਪ੍ਰਬੰਧਿਤ ਦੇਖਭਾਲ ਯੋਜਨਾ/ਕਮਿਊਨਿਟੀ ਪਾਰਟਨਰਜ਼ ਦੇ ਜਵਾਬ:** ਹਾਂ, ਤੁਹਾਨੂੰ ਆਪਣੇ ਘਰ ਵਿੱਚ ਕਿਸੇ ਵੀ ਤਬਦੀਲੀ, ਜਿਵੇਂ ਆਮਦਨੀ, ਜੇ ਕੋਈ ਔਰਤ ਗਰਭਵਤੀ ਹੋ ਜਾਂਦੀ ਹੈ, ਘਰ ਦਾ ਇੱਕ ਨਵਾਂ ਮੈਂਬਰ, ਅਤੇ ਤੁਹਾਡੇ ਪਤੇ ਵਿੱਚ ਕਿਸੇ ਵੀ ਤਬਦੀਲੀ ਬਾਰੇ ਆਪਣੇ ਸਥਾਨਕ ਕਾਉਂਟੀ ਦਫ਼ਤਰ ਵਿੱਚ ਰਿਪੋਰਟ ਕਰਨ ਦੀ ਲੋੜ ਹੁੰਦੀ ਹੈ। ਇਹ ਇਹ ਯਕੀਨੀ ਬਣਾਉਣ ਵਿੱਚ ਸਹਾਇਤਾ ਕਰ ਸਕਦਾ ਹੈ ਕਿ ਸੰਘੀ ਕੋਵਿਡ-19 ਜਨਤਕ ਸਿਹਤ ਐਮਰਜੈਂਸੀ ਦੀ ਸਮਾਪਤੀ ਦੇ ਬਾਅਦ ਤੁਹਾਨੂੰ ਆਪਣੀ ਮੈਡੀ-ਕੈਲ ਕਵਰੇਜ ਮਿਲਦੀ ਰਹੇ। [ਸਥਾਨਕ ਕਾਉਂਟੀ ਸੰਪਰਕ ਜਾਣਕਾਰੀ ਸ਼ਾਮਲ ਕਰੋ]
ਕੀ ਸਾਨੂੰ ਨਵੀਨੀਕਰਨ ਦੇ ਪੈਕਟਾਂ ਨੂੰ ਪ੍ਰਾਪਤ ਕਰਨ ਵੇਲੇ ਉਨ੍ਹਾਂ ਨੂੰ ਭਰਨਾ ਅਤੇ ਵਾਪਸ ਕਰਨਾ ਜ਼ਰੂਰੀ ਹੈ?	**ਕਾਉਂਟੀ/ਪ੍ਰਬੰਧਿਤ ਦੇਖਭਾਲ ਯੋਜਨਾਵਾਂ/ਕਮਿਊਨਿਟੀ ਪਾਰਟਨਰਜ਼ ਦੇ ਜਵਾਬ:** ਹਾਂ, ਇਹ ਮਹੱਤਵਪੂਰਨ ਹੈ ਕਿ ਮੈਡੀ-ਕੈਲ ਲਾਭਪਾਤਰੀ ਨਵੀਨੀਕਰਣ ਪੈਕਟਾਂ ਸਮੇਤ, ਅੱਪਡੇਟ ਕੀਤੀ ਜਾਣਕਾਰੀ ਲਈ ਕਾਉਂਟੀ ਬੇਨਤੀਆਂ ਦਾ ਜਵਾਬ ਦੇਣ। ਇਹ ਇਹ ਯਕੀਨੀ ਬਣਾਏਗਾ ਕਿ ਕਾਉਂਟੀ ਕੋਲ ਸਭ ਤੋਂ ਮੌਜੂਦਾ ਜਾਣਕਾਰੀ ਹੈ ਜਿਸਦੀ ਉਸਨੂੰ ਤੁਹਾਡੇ ਮੈਡੀ-ਕੈਲ ਕਵਰੇਜ ਦੇ ਨਵੀਨੀਕਰਨ ਲਈ ਜ਼ਰੂਰਤ ਹੈ। ਇਹ ਕਾਉਂਟੀ ਨੂੰ ਇਹ ਵੇਖਣ ਵਿੱਚ ਵੀ ਸਹਾਇਤਾ ਕਰੇਗਾ ਕਿ ਕੀ ਤੁਸੀਂ ਬਿਨਾਂ ਕੀਮਤ ਦੇ ਜਾਂ ਘੱਟ ਲਾਗਤ ਦੇ ਕਵਰੇਜ ਲਈ ਯੋਗ ਹੋ।
ਜੇ ਮੈਨੂੰ ਕੋਵਿਡ-19 ਜਨਤਕ ਸਿਹਤ ਐਮਰਜੈਂਸੀ ਦੌਰਾਨ ਵਾਧਾ ਮਿਲਿਆ ਹੈ ਤਾਂ ਕੀ ਮੈਨੂੰ ਮੈਡੀ-ਕੈਲ ਕਵਰੇਜ ਮਿਲਣਾ ਬੰਦ ਹੋ ਜਾਵੇਗਾ?	**ਕਾਉਂਟੀ/ਪ੍ਰਬੰਧਿਤ ਦੇਖਭਾਲ ਯੋਜਨਾਵਾਂ/ਕਮਿਊਨਿਟੀ ਪਾਰਟਨਰਜ਼ ਦੇ ਜਵਾਬ:** ਕਿਰਪਾ ਕਰਕੇ ਆਪਣੇ ਸਥਾਨਕ ਕਾਉਂਟੀ ਦਫ਼ਤਰ ਵਿੱਚ ਆਮਦਨੀ

	ਤਬਦੀਲੀਆਂ ਦੀ ਰਿਪੋਰਟ ਕਰੋ। ਜੇ ਤੁਹਾਡੀ ਆਮਦਨੀ ਵਧ ਜਾਂਦੀ ਹੈ ਜਾਂ ਤੁਹਾਡਾ ਪਰਿਵਾਰ ਬਦਲਦਾ ਹੈ, ਜਿੰਨਾ ਚਿਰ ਕੋਵਿਡ-19 ਜਨਤਕ ਸਿਹਤ ਐਮਰਜੈਂਸੀ ਜਾਰੀ ਰਹੇਗੀ, ਤੁਸੀਂ ਆਪਣੀ ਮੈਡੀ-ਕੈਲ ਕਵਰੇਜ ਨਹੀਂ ਗੁਆਓਗੇ।
ਮੈਂ ਕਿਤੇ ਹੋਰ ਚਲਾ ਗਿਆ। ਮੈਨੂੰ ਕਿਸ ਨੂੰ ਦੱਸਣਾ ਚਾਹੀਦਾ ਹੈ ਕਿ ਮੈਂ ਕਿਤੇ ਹੋਰ ਚਲਾ ਗਿਆ ਹਾਂ?	**ਕਾਉਂਟੀ ਦਾ ਜਵਾਬ:** ਅਸੀਂ ਤੁਹਾਡੇ ਪਤੇ ਨੂੰ ਅੱਪਡੇਟ ਕਰ ਸਕਦੇ ਹਾਂ। ਤੁਸੀਂ ਇਸ ਤਬਦੀਲੀ ਦੀ ਰਿਪੋਰਟ ਫ਼ੋਨ, ਔਨਲਾਈਨ, ਮੇਲ, ਫੈਕਸ ਜਾਂ ਵਿਅਕਤੀਗਤ ਰੂਪ ਵਿੱਚ ਕਰ ਸਕਦੇ ਹੋ। **ਪ੍ਰਬੰਧਿਤ ਦੇਖਭਾਲ ਯੋਜਨਾ ਦਾ ਜਵਾਬ:** ਅਸੀਂ ਤੁਹਾਡੀ ਪ੍ਰਬੰਧਿਤ ਦੇਖਭਾਲ ਯੋਜਨਾ ਲਈ ਤੁਹਾਡੇ ਪਤੇ ਨੂੰ ਅੱਪਡੇਟ ਕਰ ਸਕਦੇ ਹਾਂ। ਇਹ ਮਹੱਤਵਪੂਰਨ ਹੈ ਕਿ ਅਸੀਂ ਇਸ ਜਾਣਕਾਰੀ ਨੂੰ ਕਾਉਂਟੀ ਨਾਲ ਸਾਂਝਾ ਕਰੀਏ ਤਾਂ ਜੋ ਤੁਸੀਂ ਆਪਣੇ ਮੈਡੀ-ਕੈਲ ਬਾਰੇ ਮਹੱਤਵਪੂਰਣ ਸੂਚਨਾ ਪ੍ਰਾਪਤ ਕਰਨਾ ਜਾਰੀ ਰੱਖ ਸਕੋ। ਕੀ ਇਹ ਤੁਹਾਡੇ ਲਈ ਠੀਕ ਹੈ? ਜੇ ਤੁਸੀਂ ਨਹੀਂ ਚਾਹੁੰਦੇ ਕਿ ਅਸੀਂ ਤੁਹਾਡਾ ਨਵਾਂ ਪਤਾ ਤੁਹਾਡੇ ਸਥਾਨਕ ਕਾਉਂਟੀ ਦਫ਼ਤਰ ਨਾਲ ਸਾਂਝਾ ਕਰੀਏ, ਤਾਂ ਤੁਹਾਨੂੰ ਉਨ੍ਹਾਂ ਨਾਲ ਸਿੱਧਾ ਸੰਪਰਕ ਕਰਨ ਅਤੇ ਆਪਣੀ ਅੱਪਡੇਟ ਕੀਤੀ ਜਾਣਕਾਰੀ ਮੁਹੱਈਆ ਕਰਨ ਦੀ ਜ਼ਰੂਰਤ ਹੋਏਗੀ। [ਸਥਾਨਕ ਕਾਉਂਟੀ ਸੰਪਰਕ ਜਾਣਕਾਰੀ ਸ਼ਾਮਲ ਕਰੋ] **ਕਮਿਊਨਿਟੀ ਪਾਰਟਨਰਜ਼ ਦਾ ਜਵਾਬ:** ਕਿਰਪਾ ਕਰਕੇ ਇਹ ਯਕੀਨੀ ਬਣਾਉਣ ਲਈ ਕਿ ਤੁਹਾਡੀ ਮੈਡੀ-ਕੈਲ ਕਵਰੇਜ ਜਾਰੀ ਰਹੇ, ਆਪਣਾ ਨਵਾਂ ਪਤਾ ਮੁਹੱਈਆ ਕਰਨ ਲਈ ਆਪਣੇ ਸਥਾਨਕ ਕਾਉਂਟੀ ਦਫ਼ਤਰ ਨਾਲ ਸੰਪਰਕ ਕਰੋ। [ਸਥਾਨਕ ਕਾਉਂਟੀ ਸੰਪਰਕ ਜਾਣਕਾਰੀ ਸ਼ਾਮਲ ਕਰੋ]

[ਆਈ.ਵੀ.ਆਰ. ਕਾਲ ਸਕ੍ਰਿਪਟ]
ਜੇ ਤੁਸੀਂ ਪਿਛਲੇ ਦੋ ਸਾਲਾਂ ਵਿੱਚ ਕਿਤੇ ਹੋਰ ਚਲੇ ਗਏ ਹੋ, ਤਾਂ ਕਿਰਪਾ ਕਰਕੇ ਆਪਣੇ ਸਥਾਨਕ ਕਾਉਂਟੀ ਮੈਡੀ-ਕੈਲ ਦਫ਼ਤਰ ਨੂੰ ਆਪਣਾ ਨਵਾਂ ਪਤਾ ਮੁਹੱਈਆ ਕਰੋ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਤੁਹਾਨੂੰ ਆਪਣੀ ਮੈਡੀ-ਕੈਲ ਕਵਰੇਜ ਬਾਰੇ ਮਹੱਤਵਪੂਰਣ ਜਾਣਕਾਰੀ ਮਿਲਦੀ ਰਹੇਗੀ।
ਜੇ ਤੁਹਾਡੇ ਘਰ ਵਿੱਚ ਤਬਦੀਲੀਆਂ ਹੋਈਆਂ ਹਨ, ਜਿਵੇਂ ਕਿ ਆਮਦਨੀ, ਕੋਈ ਔਰਤ ਗਰਭਵਤੀ ਹੋਈ ਹੈ, ਕੋਈ ਨਵਾਂ ਪਰਿਵਾਰਕ ਮੈਂਬਰ ਆਇਆ ਹੈ ਜਾਂ ਪਤਾ ਬਦਲਿਆ ਹੈ, ਕਿਰਪਾ ਕਰਕੇ ਜਿੰਨੀ ਜਲਦੀ ਹੋ ਸਕੇ ਆਪਣੇ ਸਥਾਨਕ ਕਾਉਂਟੀ ਮੈਡੀ-ਕੈਲ ਦਫ਼ਤਰ ਵਿੱਚ ਉਨ੍ਹਾਂ ਤਬਦੀਲੀਆਂ ਦੀ ਰਿਪੋਰਟ ਕਰੋ।
ਜੇ ਤੁਹਾਡੀ ਸੰਪਰਕ ਜਾਣਕਾਰੀ (ਫੋਨ ਨੰਬਰ, ਈਮੇਲ, ਮੇਲਿੰਗ ਪਤਾ) ਬਦਲ ਗਿਆ ਹੈ, ਤਾਂ ਆਪਣੇ ਸਥਾਨਕ ਕਾਉਂਟੀ ਮੈਡੀ-ਕੈਲ ਦਫ਼ਤਰ ਵਿੱਚ ਔਨਲਾਈਨ ਜਾਂ ਫ਼ੋਨ, ਈਮੇਲ, ਫੈਕਸ ਰਾਹੀਂ ਜਾਂ ਵਿਅਕਤੀਗਤ ਰੂਪ ਵਿੱਚ ਕਿਸੇ ਵੀ ਤਬਦੀਲੀ ਦੀ ਰਿਪੋਰਟ ਕਰੋ।